*Journal of Advances and Scholarly Researches in Allied Education*
*Vol. 18, Issue No. 6, October-2021, ISSN 2230-7540*

# ਭਗਤ ਨਾਮਦੇਵ ਬਾਣੀ : ਵਸਤੂ ਵਿਚਾਰ

**Dr. Preet Inder Singh***

Department of Punjabi, Assistant Professor, Post Graduate Government College,Sector 46, Chandigarh.

*ਗੁਰੂ ਗ੍ਰੰਥ ਸਾਹਿਬ ਵਿਚ ਪੰਦਰਾਂ ਭਗਤ ਕਵੀਆਂ ਦੀ ਬਾਣੀ ਦਰਜ ਹੈ। ਜਿਨ੍ਹਾਂ ਵਿਚੋਂ ਭਗਤ ਨਾਮਦੇਵ ਵੀ ਸ਼੍ਰੋਮਣੀ ਕਵੀ ਹੋਏ ਹਨ। ਭਗਤ ਨਾਮਦੇਵ ਗਰੀਬ ਤੇ ਕਿਰਤੀ ਪਰਿਵਾਰ ਵਿਚੋਂ ਸੀ, ਉਨ੍ਹਾਂ ਦੇ ਪਿਤਾ ਕੱਪੜੇ ਸਿਉਣ ਦਾ ਕੰਮ ਕਰਦੇ ਸੀ ਇਸੇ ਕਰਕੇ ਭਗਤ ਨਾਮਦੇਵ ਨੇ ਆਪਣੀ ਕਾਵਿ-ਰਚਨਾ ਵਿਚ ਆਪਣੇ ਆਪ ਨੂੰ 'ਹੀਨੜੀ' ਜਾਤ ਵਾਲਾ ਤੇ ਛੀਂਬਾ ਜਾਂ ਛੀਂਪਾ ਕਿਹਾ ਹੈ, "ਹੀਨੜੀ ਜਾਤ ਮੇਰੀ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥" ਨਾਮਦੇਵ ਛੋਟੀ ਉਮਰ ਤੋਂ ਹੀ (ਵਿਸ਼ਨੂੰ ਦੇ ਅਵਤਾਰ) ਬੀਠਲ ਨਾਮ ਲੈ ਕੇ ਪਰਮਾਤਮਾ ਦੀ ਉਸਤਤ ਗਾਉਂਦਾ ਸੀ। ਨਾਮਦੇਵ ਦਾ ਅਧਿਆਤਮਕ ਪਾਸਾਰ ਉਨ੍ਹਾਂ ਦੇ ਜੱਦੀ ਪ੍ਰਦੇਸ਼ ਮਹਾਂਰਾਸ਼ਟਰ ਤੱਕ ਸੀਮਿਤ ਨਾ ਹੋ ਕੇ ਸਮੁੱਚੇ ਭਾਰਤੀ ਭੂ-ਖੰਡ ਦੇ ਜਨ-ਸਮੂਹ ਵਿਚ ਫੈਲਿਆ। ਵੱਖੋ-ਵੱਖ ਪ੍ਰਾਂਤਾਂ ਦੇ ਭ੍ਰਮਣ ਦੀ ਸਥਿਤੀ ਅਤੇ ਤਤਕਾਲੀਨ ਪਰਸਥਿਤੀਆਂ ਦੇ ਅਨੁਭਵ ਨੇ ਭਗਤ ਨਾਮਦੇਵ ਦੀ ਭਗਤੀ ਭਾਵਨਾ ਨੂੰ ਹੋਰ ਵੀ ਵਧੇਰੇ ਪ੍ਰਪੱਕ ਬਣਾ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦੇ 61 ਸ਼ਬਦ 18 ਰਾਗਾਂ ਅਧੀਨ ਦਰਜ ਕੀਤੇ ਗਏ ਹਨ। ਉਨ੍ਹਾਂ ਦੀ ਇਸ ਸਮੁੱਚੀ ਰਾਗਬੱਧ ਬਾਣੀ ਦੀ ਮੁੱਖ ਟੇਕ ਆਪਣੀ ਅਧਿਆਤਮਕ ਅਨੁਭੂਤੀ ਦੀ ਸਮਾਜਕ ਵਿਵਸਥਾ ਦੇ ਸੰਦਰਭ ਵਿਚ ਅਭਿਵਿਅਕਤੀ ਹੈ। ਸੰਸਾਰਕਤਾ ਅਤੇ ਬ੍ਰਹਮ ਦੀ ਨਿੱਜੀ ਅਨੁਭੂਤੀ ਉਨ੍ਹਾਂ ਦੀ ਰਚਨਾ ਦਾ ਪ੍ਰਮੁੱਖ ਆਧਾਰ ਬਣਦੀ ਹੈ। ਨਾਮਦੇਵ ਬਾਣੀ ਦੀ ਮੁੱਖ ਥੀਮ ਬ੍ਰਹਮ, ਨਾਮ-ਸਿਮਰਨ ਅਤੇ ਭਗਤੀ-ਭਾਵਨਾ 'ਤੇ ਕੇਂਦਰਿਤ ਹੈ। ਭਗਤ ਨਾਮਦੇਵ ਆਪਣੀ ਰਚਨਾ ਵਿਚ ਬ੍ਰਹਮ ਨੂੰ, ਉਸਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਸੰਬੋਧਿਤ ਕਰਦੇ ਹਨ। ਉਹ ਬ੍ਰਹਮ, ਜੋ ਆਪਣੇ ਭਗਤਾਂ ਦਾ ਸਹਾਰਾ, ਬਖ਼ਸ਼ਿਸ਼, ਦਾਤਾ, ਦਇਆ ਰੂਪ ਅਤੇ ਅੰਤਰਜਾਮੀ ਭਾਵ ਸਭ ਕੁਝ ਜਾਣਨ ਵਾਲਾ ਤੇ ਦੇਖਣ ਵਾਲਾ ਹੈ। ਆਪ ਫ਼ੁਰਮਾਉਂਦੇ ਹਨ। ਨਾਮਦੇਵ ਬਾਣੀ ਸਮਕਾਲੀ ਸਮਾਜ ਦੇ ਹਰ ਖੇਤਰ ਦੀ ਪਤਨਸ਼ੀਲ ਵਿਵਸਥਾ ਨੂੰ ਵਿਕਾਸ ਦੇ ਮਾਰਗ ਵੱਲ ਲਿਜਾਣ ਲਈ ਪੂਰਨ ਤੌਰ 'ਤੇ ਯਤਨਸ਼ੀਲ ਹੈ। ਭਗਤ ਨਾਮਦੇਵ ਦੁਆਰਾ ਨਿਰਗੁਣ ਬ੍ਰਹਮ ਦੀ ਨਾਮ ਸਾਧਨਾ ਨੂੰ ਸਾਧਾਰਨ ਮਨੁੱਖਤਾ ਲਈ ਉਨੀ ਹੀ ਸਾਧਾਰਨ, ਸਰਲ ਅਤੇ ਸਹਿਜ ਪ੍ਰਕਿਰਿਆ ਰਾਹੀਂ ਪ੍ਰਗਟਾਇਆ ਹੈ ਜੋ ਬਿਨਾਂ ਕਿਸੇ ਕਰਮ-ਕਾਂਡ, ਹੱਠ-ਤਪ ਦੇ ਸਹਿਜੇ ਹੀ ਈਸ਼ਵਰ ਨਾਲ ਇਕਮਿਕ ਹੋਣ ਦੀ ਪ੍ਰਕਿਰਿਆ ਹੈ।*

---------------------------------x---------------------------------

ਭਾਰਤੀ ਸੰਸਕ੍ਰਿਤੀ ਨੂੰ ਸਭ ਤੋਂ ਵਧੇਰੇ ਪ੍ਰਭਾਵਿਤ ਭਗਤੀ ਅੰਦਲਨ ਨੇ ਕੀਤਾ ਜੋ ਤਤਕਾਲੀਨ ਪਰਸਥਿਤੀਆਂ ਅਨੁਸਾਰ ਸਮੇਂ-ਸਮੇਂ ਆਪਣਾ ਰੂਪ ਵਟਾਉਂਦੀ ਰਹੀ ਹੈ। ਭਗਤੀ ਦਾ ਸੰਬੰਧ ਮਾਨਵ ਦੀ ਭਗਤੀ-ਭਾਵਨਾ ਨਾਲ ਹੈ ਜਿਸ ਕਰਕੇ ਭਾਰਤੀ ਧਰਮ ਚਿੰਤਨ ਵਿਚ ਭਗਤੀ-ਸਾਧਨਾ ਦਾ ਵਿਸ਼ੇਸ਼ ਸਥਾਨ ਹੈ। ਭਗਤੀ-ਸਾਧਨਾ ਦੁਆਰਾ ਜੀਵ ਸੰਸਾਰਕ ਵਿਸ਼ਿਆਂ ਦਾ ਗਿਆਨ ਦੇਣ ਵਾਲੀਆਂ ਆਪਣੀਆਂ ਗਿਆਨ ਇੰਦਰੀਆਂ ਦੀ ਉਲਾਰ ਬਿਰਤੀ ਨੂੰ ਸੰਤੁਲਨ, ਸਹਿਜਤਾ ਅਤੇ ਸੁਭਾਵਿਕਤਾ ਜਿਹੇ ਗੁਣਾਂ ਵਿਚ ਢਾਲ ਕੇ ਰੱਬ ਨਾਲ ਜੋੜਦਾ ਹੈ। "ਭਗਤੀ (ਭਗ੍ਤਿ) ਸ਼ਬਦ ਸੰਸਕ੍ਰਿਤ ਦੀ 'ਭਜ' ਧਾਤੂ ਤੋਂ ਬਣਿਆ ਹੈ ਅਤੇ ਇਸਦਾ ਅਰਥ ਹੈ ਭਜ਼ ਜਾਂ ਭਜਨ ਕਰਨਾ। ਅਰਾਧਨਾ, ਸੇਵਾ, ਉਪਾਸਨਾ, ਇਸ਼ਟ-ਦੇਵ ਪ੍ਰਤਿ ਅਤਿ ਅਨੁਰਾਗ (ਪ੍ਰੇਮ), ਸ਼ਰਧਾ ਆਦਿ ਇਸਦੇ ਕਈ ਨਾਂਮਾਤਰ ਵੀ ਪ੍ਰਚਲਿਤ ਹਨ।[1]..." "ਭਗਤ, ਭਗਤੀ, ਭਗਵਾਨ ਨੂੰ ਇਕ ਸੂਤ ਜਾਂ ਸੁਰ ਅੰਦਰ ਪ੍ਰੋਣ ਵਾਲਾ ਸੂਤਰ, ਗੁਰਮੰਤ੍ਰ ਜਾਂ ਨਾਮ-ਸਿਮਰਨ ਦਾ ਜਾਪ ਹੈ। ਜਪ-ਜਾਪ ਇਕ ਮਾਨਸਿਕ ਅਤੇ ਸਰੀਰਕ ਕ੍ਰਿਆ ਹੈ।"[2] ਇਸ ਤਰ੍ਹਾਂ ਜਿਥੇ ਭਗਤੀ ਦੇ ਮੂਲ-ਅਰਥ ਆਪਣੇ ਪ੍ਰਭੂ, ਪਰਮਾਤਮਾ ਵਿਚ ਦ੍ਰਿੜ੍ਹ ਵਿਸ਼ਵਾਸ ਅਤੇ ਅਥਾਹ ਪ੍ਰੇਮ ਕਰਨਾ ਹਨ ਉਥੇ ਹੀ ਸੰਸਾਰਕ ਜੀਵਨ-ਮਾਰਗ ਵਿਚ ਆਪਣੇ ਈਸ਼ਵਰ ਨੂੰ ਪ੍ਰੇਰਨਾ-ਸਰੋਤ ਬਣਾਉਣਾ ਵੀ ਹਨ।

ਪ੍ਰਭੂ-ਪ੍ਰਾਪਤੀ ਲਈ 'ਭਗਤੀ' ਇਕ ਪ੍ਰਮਾਣਿਕ ਸਾਧਨ ਹੈ ਜੋ ਕਿ ਭਾਰਤ ਦੇ ਰਿਸ਼ੀਆਂ, ਮੁਨੀਆਂ ਤੋਂ ਸੀਨਾ-ਬਸੀਨਾ ਚਲਦਾ ਆ ਰਿਹਾ ਹੈ। ਭਗਤੀ ਪਰੰਪਰਾ ਦੇ ਬੀਜ ਵੈਦਿਕ ਯੁੱਗ ਵਿਚ ਹੀ ਬੀਜੇ ਜਾ ਚੁੱਕੇ ਸਨ। ਵੈਦਿਕ ਰਿਸ਼ੀਆਂ ਦੁਆਰਾ ਰਚਿਤ ਗ੍ਰੰਥਾਂ (ਵੇਦਾਂ) ਨੂੰ ਭਗਤੀ ਪਰੰਪਰਾ ਦੇ ਆਧਾਰ-ਬਿੰਦੂ ਮਿਥਿਆ ਜਾਂਦਾ ਹੈ। ਪ੍ਰਿੰਸੀਪਲ ਹਰਭਜਨ ਸਿੰਘ ਨੇ ਗੁਰੂ ਨਾਨਕ ਆਗਮਨ ਤੋਂ ਪਹਿਲਾਂ ਦੇ ਭਾਰਤੀ ਰੂਹਾਨੀ ਤਜਰਬਿਆਂ ਨੂੰ ਤਿੰਨ ਭਾਗਾਂ ਵਿਚ ਵੰਡਦੇ ਹੋਏ ਲਿਖਿਆ ਹੈ :

1. ਪਹਿਲਾ ਤਜਰਬਾ ਸੀ ਪੁਰਾਣੇ ਬ੍ਰਾਹਮਣ ਧਰਮ ਦਾ, ਜਿਸ ਵਿਚ ਕਰਮ-ਕਾਂਡ, ਯੋਗ, ਹੋਮ ਤੇ ਜਾਤ-ਪਾਤ ਦੀ ਪ੍ਰਧਾਨਤਾ ਸੀ।

2. ਦੂਜਾ ਤਜਰਬਾ ਸੀ ਗਿਆਨ ਪ੍ਰਾਪਤੀ ਦਾ। ਇਸ ਸਮੇਂ ਉਪਨਿਸ਼ਦਾਂ, ਸ਼ਾਸਤਰਾਂ ਅਤੇ ਗੀਤਾ ਦੀ ਰਚਨਾ ਹੋਈ। ਜੈਨ ਤੇ ਬੁੱਧ ਧਰਮ ਦਾ ਪ੍ਰਕਾਸ਼ ਹੋਇਆ।

3. ਤੀਜਾ ਤਜਰਬਾ ਸੀ ਜੋਗ ਅਤੇ ਭਗਤੀ ਮਾਰਗ ਦਾ। ਜੋਗ, ਬੁੱਧ ਧਰਮ ਦੇ ਸੂਖਮ ਭਾਵਾਂ ਦਾ ਸਿੱਟਾ ਸੀ ਅਤੇ ਭਗਤੀ ਮਾਰਗ-ਬੁੱਧ ਤੇ ਜੈਨ-ਮਤ ਦੇ ਕਮਜ਼ੋਰ ਅਤੇ ਪੱਛਮੀ ਹਮਲਾਵਰ ਕੌਮਾਂ ਦੇ

ਹੱਲਿਆਂ ਕਾਰਨ ਨਿਤਾਣੀ ਹੋ ਚੁੱਕੀ ਜਨਤਾ ਦੀ ਪੁਕਾਰ ਦਾ ਨਤੀਜਾ।[3]

ਵਾਸਤਵ ਵਿਚ ਵੈਦਿਕ, ਉਪਨਿਸ਼ਦ, ਪੌਰਾਣਿਕ ਅਤੇ ਉੱਤਰ-ਪੌਰਾਣਿਕ ਯੁੱਗ ਤੋਂ ਬਾਅਦ ਭਗਤੀ ਪਰੰਪਰਾ 11ਵੀਂ, 12ਵੀਂ ਸਦੀ ਵਿਚ ਦੱਖਣ ਵਿਚ ਸੁਆਮੀ 'ਰਾਮਾਨੁਜ' ਅਤੇ ਉੱਤਰ ਵਿਚ 'ਰਾਮਾਨੰਦ' ਦੁਆਰਾ ਆਪਣਾ ਵੱਖਰਾ ਰੂਪ ਅਖ਼ਤਿਆਰ ਕਰਦੀ ਹੋਈ, ਭਾਰਤ ਦੇ ਵੱਖੋ-ਵੱਖ ਹਿੱਸਿਆਂ ਵਿੱਚ ਫੈਲਦੀ ਹੈ ਅਤੇ ਉਸ ਤੋਂ ਬਾਅਦ ਪੂਰੇ ਦੇਸ਼ ਵਿਚ ਭਗਤੀ-ਕਾਵਿ ਦੀ ਸਿਰਜਣਾ ਹੋਣ ਲੱਗੀ। ਇਸਦੇ ਸਿਰਜਕ ਸੰਸਕ੍ਰਿਤ ਨੂੰ ਛੱਡ ਕੇ ਆਮ ਲੋਕਾਂ ਦੀ ਭਾਸ਼ਾ ਵਿਚ ਲਿਖਣ ਵਾਲੇ ਆਮ ਲੋਕ ਸਨ। ਇਸ ਤਰ੍ਹਾਂ ਮੁਸਲਿਮ ਬਾਦਸ਼ਾਹਾਂ ਦੇ ਦਿਨ-ਬ-ਦਿਨ ਵਧਦੇ ਹਮਲੇ ਤੇ ਤਸ਼ੱਦਦ, ਭਾਰਤੀ ਜਨਤਾ ਵਿਚ ਨਿਰਾਸ਼ਾ, ਜਾਤੀ ਭਾਵਨਾ, ਦੁੱਖਾਂ, ਕਸ਼ਟਾਂ ਅਤੇ ਸਮਕਾਲੀਨ ਸਮਾਜਿਕ, ਧਾਰਮਿਕ ਪ੍ਰਸਥਿਤੀਆਂ ਆਦਿ ਕਾਰਨਾਂ ਕਰਕੇ ਭਗਤੀ ਸਾਧਨਾਂ ਵੱਖ-ਵੱਖ ਪੜਾਵਾਂ ਵਿਚੋਂ ਗੁਜ਼ਰਦੀ ਹੋਈ, ਭਗਤੀ ਲਹਿਰ ਦਾ ਰੂਪ ਧਾਰਨ ਕਰ ਗਈ। 14ਵੀਂ, 15ਵੀਂ ਸਦੀ ਵਿਚ ਸਿੱਖ ਧਰਮ ਦੇ ਪਹਿਲੇ ਗੁਰੂ ਨਾਨਕ ਸਾਹਿਬ ਨੇ ਇਸੇ ਲਹਿਰ ਨੂੰ ਇਕ ਨਵੀਂ ਦਿਸ਼ਾ ਦੇਣ ਦਾ ਕਾਰਜ ਅਰੰਭਿਆ। ਇਸ ਸਮੇਂ ਦੌਰਾਨ ਭਗਤੀ ਸਾਧਨਾ, ਗੁਰਮਤਿ ਭਗਤੀ ਵਜੋਂ ਆਪਣਾ ਵੱਖਰਾ ਅਤੇ ਵਿਸ਼ੇਸ਼ ਰੂਪ ਗ੍ਰਹਿਣ ਕਰਦੀ ਹੈ। ਗੁਰਮਤਿ ਭਗਤੀ ਦਾ ਪ੍ਰਮਾਣਿਕ ਅਤੇ ਮੂਲ ਸਰੋਤ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਭਗਤੀ ਦੇ ਬਹੁਤੇ ਆਚਾਰੀਆਂ ਨੇ ਜਿਥੇ ਸਗੁਣ ਅਤੇ ਸਾਕਾਰ ਭਗਤੀ 'ਤੇ ਜ਼ੋਰ ਦਿੱਤਾ ਉਥੇ ਗੁਰੂ ਗ੍ਰੰਥ ਸਾਹਿਬ ਦੀ ਭਗਤੀ ਵਿਚ ਨਿਰਗੁਣ ਭਗਤੀ ਦੀ ਵੀ ਪ੍ਰਧਾਨਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਭਗਤੀ ਕੇਵਲ ਭਗਤੀ ਨਹੀਂ; ਭਗਤੀ ਅਤੇ ਕਿਰਤ ਦਾ ਸੁਚੱਜਾ ਮੇਲ ਹੈ। ਇਸ ਵਿਚ ਕਰਮਹੀਣਤਾ ਨਹੀਂ; ਕਰਮਸ਼ੀਲਤਾ ਹੈ।"[4] ਆਦਿ ਗ੍ਰੰਥ ਵਿਚ 6 ਗੁਰੂ ਸਾਹਿਬਾਨ ਦੀ ਬਾਣੀ ਤੋਂ ਇਲਾਵਾ, ਵਿਭਿੰਨ ਸਮੇਂ, ਸਥਾਨ, ਜਾਤਾਂ ਅਤੇ ਧਰਮਾਂ ਨਾਲ ਸੰਬੰਧਿਤ ਸੂਫ਼ੀ, ਸੰਤਾਂ ਅਤੇ ਭਗਤਾਂ ਵਿਚੋਂ 15 ਭਗਤਾਂ, 11 ਭੱਟਾਂ ਅਤੇ 4 ਗੁਰੂ ਘਰ ਦੇ ਨਿਕਟਵਰਤੀਆਂ ਦੀ ਬਾਣੀ ਵੀ ਸੰਚਿਤ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨਤਾ ਇਨ੍ਹਾਂ ਸੂਫ਼ੀ ਸੰਤਾਂ, ਭਗਤਾਂ ਦੀ ਬਾਣੀ ਨਾਲ ਵਿਸ਼ੇਸ਼ ਤੌਰ 'ਤੇ ਜੁੜੀ ਹੋਈ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਪੰਦਰਾਂ ਭਗਤ ਕਵੀਆਂ ਦੀ ਬਾਣੀ ਦਰਜ ਹੈ। ਜਿਨ੍ਹਾਂ ਵਿਚੋਂ ਭਗਤ ਨਾਮਦੇਵ ਵੀ ਸ਼੍ਰੋਮਣੀ ਕਵੀ ਹੋਏ ਹਨ। ਭਗਤ ਨਾਮਦੇਵ ਗਰੀਬ ਤੇ ਕਿਰਤੀ ਪਰਿਵਾਰ ਵਿਚੋਂ ਸੀ, ਉਨ੍ਹਾਂ ਦੇ ਪਿਤਾ ਕੱਪੜੇ ਸਿਊਣ ਦਾ ਕੰਮ ਕਰਦੇ ਸੀ ਇਸੇ ਕਰਕੇ ਭਗਤ ਨਾਮਦੇਵ ਨੇ ਆਪਣੀ ਕਾਵਿ-ਰਚਨਾ ਵਿਚ ਆਪਣੇ ਆਪ ਨੂੰ 'ਹੀਨੜੀ' ਜਾਤ ਵਾਲਾ ਤੇ ਛੀਂਬਾ ਜਾਂ ਛੀਂਪਾ ਕਿਹਾ ਹੈ, "ਹੀਨੜੀ ਜਾਤ ਮੇਰੀ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥" ਨਾਮਦੇਵ ਛੋਟੀ ਉਮਰ ਤੋਂ ਹੀ (ਵਿਸ਼ਨੂੰ ਦੇ ਅਵਤਾਰ) ਬੀਠਲ ਨਾਮ ਲੈ ਕੇ ਪਰਮਾਤਮਾ ਦੀ ਉਸਤਤ ਗਾਉਂਦਾ ਸੀ। ਭਾਈ ਜੋਧ ਸਿੰਘ ਲਿਖਦੇ ਹਨ ਕਿ "ਪੰਜ ਸਾਲ ਦੀ ਆਯੂ ਹੋਣ 'ਤੇ ਉਨ੍ਹਾਂ ਨੂੰ ਪਾਂਧੇ ਪਾਸ ਪੜ੍ਹਨ ਬਿਠਾਇਆ ਗਿਆ। ਪਾਂਧੇ ਨੇ ਉਨ੍ਹਾਂ ਨੂੰ ਆਪਣੀ ਤਖ਼ਤੀ ਪੁਰ 'ਓਨਮ' (ਓਮਨਮਹ) ਲਿਖਣ ਲਈ ਆਖਿਆ। ਨਾਮਦੇਵ ਜੀ ਨੇ ਸ੍ਰੀ ਵਿਠੱਲ ਲਿਖ ਦਿੱਤਾ। ਸੱਤ ਸਾਲ ਦੀ ਆਯੂ ਹੋਣ ਪਰ ਉਹ ਪੱਥਰਾਂ ਨੂੰ (ਕੈਂਸੀਆਂ ਦੀ ਥਾਂ) ਵਜਾ-ਵਜਾ ਕੇ ਵਿਠੱਲ ਦਾ ਨਾਮ ਜਪ ਨੱਚਦਾ ਅਤੇ ਦਰਸ਼ਕਾਂ ਨੂੰ ਇਸੇ ਨਾਮ ਦਾ ਜਾਪ ਕਰਨ ਲਈ ਪ੍ਰੇਰਦਾ।"[5] ਨਾਮਦੇਵ ਨੇ ਜ਼ਿਆਦਾ ਸਕੂਲ ਦੀ ਵਿਦਿਆ ਗ੍ਰਹਿਣ ਨਾ ਕਰਨ ਦੇ ਬਾਵਜੂਦ ਵੀ ਆਪਣੀ ਕਾਵਿ-ਬਾਣੀ ਵਿਚ ਵਿਦਵਤਾ ਤੇ ਦਾਰਸ਼ਨਿਕ ਸੂਝ ਦਾ ਪ੍ਰਗਟਾਵਾ ਕੀਤਾ ਹੈ। ਜੀਵਨ ਸਿੱਧੀ ਦੀਆਂ ਸਿਖਰਾਂ 'ਤੇ ਪੁੱਜ ਕੇ ਇਨ੍ਹਾਂ ਨੇ ਆਪਣੇ ਚਿੰਤਨ ਤੇ ਅਨੁਭਵ ਦੀ ਵਿਆਖਿਆ ਵਿਚ ਕਈ ਮੂਲ ਦਾਰਸ਼ਨਿਕ ਨੁਕਤੇ ਪ੍ਰਸਤੁਤ ਕੀਤੇ ਹਨ।

ਨਾਮਦੇਵ ਜੀ ਦੇ ਜੀਵਨ ਵਿਚ ਬਚਪਨ ਤੋਂ ਹੀ ਕਈ ਚਮਤਕਾਰੀ ਘਟਨਾਵਾਂ ਜੁੜੀਆਂ ਦੇਖ ਕੇ ਆਪ ਦੇ ਮਾਤਾ ਪਿਤਾ ਆਪ ਦੇ ਰਹੱਸਵਾਦੀ ਤੇ ਸੰਤ ਪ੍ਰਵਿਰਤੀ ਅਰਥਾਤ ਛਿਨ-ਛਿਨ ਹਰੀ ਸਿਮਰਨ ਵਾਲੇ ਜੀਵਨ ਤੋਂ ਥੋੜ੍ਹਾ ਚਿੰਤਾਤੁਰ ਹੋ ਗਏ। ਉਹ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਦਾ ਇਕਲੌਤਾ ਪੁੱਤਰ ਸੱਤ ਮਾਰਗ ਨੂੰ ਹੀ ਆਪਣਾ ਜੀਵਨ ਆਦਰਸ਼ ਬਣਾ ਲਵੇ। ਉਹ ਆਪ ਨੂੰ ਪਿਤਾ ਪੁਰਖੀ ਛੀਪੇ ਤੇ ਸਿਲਾਈ ਦੇ ਕਿੱਤੇ ਵਿਚ ਜੋੜਨ ਦੇ ਆਹਰ ਵਿਚ ਸਨ ਤਾਂ ਜੋ ਪਰਿਵਾਰ ਦਾ ਨਿਰਬਾਹ ਹੋ ਸਕੇ ਪਰ ਨਾਮ ਦੇਵ ਜੀ ਲਈ ਵਿਧਾਤਾ ਨੇ ਭਗਤ ਜੀਵਨ ਦਾ ਹੋਰ ਹੀ ਬਿਖਮ ਮਾਰਗ ਚੁਣ ਛੱਡਿਆ ਸੀ ਜੋ ਖੰਨਿਓਂ ਤਿੱਖਾ ਤੇ ਵਾਲੋਂ ਨਿੱਕਾ ਸੀ। ਜਿਥੇ ਦਰਜੀ ਕੱਪੜੇ ਕੱਟਦਾ ਹੈ, ਉਨ੍ਹਾਂ ਨੇ ਜਮਾਂ ਦੀ ਫਾਹੀ ਨੂੰ ਕੱਟਣਾ ਸੀ ਜੋ ਉਸ ਵੇਲੇ ਦੇ ਸਮਾਜ ਦੇ ਗਲੇ ਵਿਚ ਧਾਰਮਿਕ ਸੰਕੀਰਣਤਾ, ਜਾਤਪਾਤ ਦੀ ਕੱਟੜਤਾ ਤੇ ਬ੍ਰਾਹਮਣਵਾਦੀ ਕਰਮ-ਕਾਂਡ ਦੇ ਰੂਪ ਵਿਚ ਗਲਘੋਟੂ ਰੂਪ ਧਾਰਨ ਕਰ ਚੁੱਕੀ ਸੀ ਸਾਧਾਰਣ ਲੋਹੇ ਦੀ ਸੂਈ ਤੇ ਸੂਤ ਦੇ ਧਾਗੇ ਨਾਲ ਸੰਸਾਰੀ ਕੱਪੜੇ ਸੀਣ ਨਾਲੋਂ ਉਨ੍ਹਾਂ ਨੇ ਤਾਂ ਚਿੱਤ ਰੂਪੀ ਸੋਨੇ ਦੀ ਸੂਈ ਨਾਲ ਨਾਮ ਸਿਮਰਨ ਦੇ ਚਾਂਦੀ ਧਾਗੇ ਰਾਹੀਂ ਆਪਣੇ ਆਪ ਨੂੰ ਪ੍ਰਭੂ ਚਰਨਾਂ ਨਾਲ ਜੋੜ ਦੇਣਾ ਸੀ।"[6] ਅਜਿਹੇ ਭਗਤੀ ਰੰਗ ਵਿਚ ਰੰਗ ਕੇ ਸਮਾਜ ਨੂੰ ਨਵੀਂ ਸੇਧ ਦੇਣ ਦੀ ਗੱਲ ਉਨ੍ਹਾਂ ਦੀਆਂ ਅੱਗੇ ਲਿਖੀਆਂ ਪੰਕਤੀਆਂ ਵਿਚੋਂ ਮਿਲਦੀ ਹੈ:

ਮਨੁ ਮੇਰੋ ਗਜੁ ਜਿਹਬਾ ਮੇਰੀ ਕਾਤੀ॥

ਮਪਿ ਮਪਿ ਕਾਟਉ ਜਮ ਕੀ ਫਾਸੀ॥੧॥

ਕਹਾ ਕਰਉ ਜਾਤੀ ਕਹ ਕਰਉ ਪਾਤੀ॥

ਰਾਮ ਕੋ ਨਾਮੁ ਜਪਉ ਦਿਨ ਰਾਤੀ॥੧ ॥

... ... ... ...

ਸੁਇਨੇ ਕੀ ਸੂਈ ਰੁਪੇ ਕਾ ਧਾਗਾ॥

ਨਾਮੇ ਕਾ ਚਿਤੁ ਹਰਿ ਸਿਉ ਲਾਗਾ॥[7]

ਨਾਮਦੇਵ ਨੂੰ ਪਰਿਵਾਰਿਕ ਜੀਵਨ ਨਾਲ ਜੋੜਨ ਲਈ ਉਨ੍ਹਾਂ ਦੇ ਪਿਤਾ ਨੇ ਛੋਟੀ ਉਮਰ ਵਿਚ ਹੀ ਉਨ੍ਹਾਂ ਦਾ ਵਿਆਹ ਕਰਵਾ ਦਿੱਤਾ ਤਾਂ ਕਿ ਉਹ ਕੋਈ ਕਿਰਤ ਕਰਨ ਤੇ ਪਰਿਵਾਰ ਦੀ ਜ਼ਿੰਮੇਵਾਰੀ ਸਮਝਣ। ਪਰ ਨਾਮਦੇਵ ਪਰਿਵਾਰਿਕ ਜੀਵਨ ਨਿਭਾਉਂਦੇ ਹੋਏ ਕਦੇ ਵੀ ਮੋਹ-ਮਮਤਾ

www.ignited.in

ਵਿਚ ਨਾ ਗੁਸੇ ਤੇ ਮਾਇਆ ਦੇ ਛਲਾਵੇ ਤੋਂ ਵੀ ਦੂਰ ਰਹੇ। ਜਿਸ ਬੀਠਲ ਦੇਵ ਦੀ ਨਾਮਦੇਵ ਉਪਾਸਨਾ ਕਰਦੇ ਸੀ, ਉਸ ਦਾ ਕੇਂਦਰੀ ਧਾਮ ਮਹਾਂਰਾਸ਼ਟਰ ਦੇ ਪ੍ਰਸਿੱਧ ਸ਼ਹਿਰ ਪੰਡਰਪੁਰ ਵਿਚ ਸੀ ਇਸੇ ਲਈ ਭਗਤ ਨਾਮਦੇਵ ਉਥੇ ਜਾ ਕੇ ਰਹਿਣ ਲੱਗ ਪਏ ਤੇ ਪਰਿਵਾਰ ਨੂੰ ਵੀ ਉਥੇ ਹੀ ਬੁਲਾ ਲਿਆ। ਉਥੇ ਹਰ ਰੋਜ਼ ਕਥਾ-ਕੀਰਤਨ ਹੁੰਦਾ ਤੇ ਨਾਮਦੇਵ ਦੀ ਭਗਤੀ ਦੀ ਚਰਚਾ ਸਾਰੇ ਪਾਸੇ ਫੈਲ ਗਈ। ਆਪਣੇ ਆਤਮਿਕ ਗਿਆਨ ਨੂੰ ਵਧਾਉਣ ਲਈ ਆਪ ਨੇ ਔਂਧਿਆ ਨਾਗ ਨਾਥ ਦੇ ਮੰਦਰ ਵਿਚ ਵਿਸ਼ੋਬਾ ਖੇਚਰ ਦੀ ਸ਼ਰਨ ਲਈ ਤੇ ਉਸ ਨੂੰ ਗੁਰੂ ਧਾਰਨ ਕੀਤਾ ਜਿਥੇ ਭਗਤ ਨਾਮਦੇਵ ਨੇ ਗੁਰੂ ਕ੍ਰਿਪਾ ਰਾਹੀਂ ਬ੍ਰਹਮ ਗਿਆਨ ਨੂੰ ਪ੍ਰਾਪਤ ਕੀਤਾ।

ਇਸ ਸਮੇਂ ਹੀ ਭਗਤ ਨਾਮਦੇਵ ਦੀ ਮੁਲਾਕਾਤ ਵਿਸ਼ੋਬਾ ਖੇਚਰ ਦੇ ਗੁਰੂ ਗਿਆਨੇਸ਼ਵਰ ਨਾਲ ਹੋਈ, ਉਸ ਨਾਲ ਬਹੁਤ ਹੀ ਨੇੜਤਾ ਵਧ ਗਈ ਤੇ ਪਿਆਰ ਪੈ ਗਿਆ। ਗਿਆਨੇਸ਼ਵਰ ਤੇ ਹੋਰ ਮਹਾਂਪੁਰਖਾਂ ਨੇ ਨਾਮਦੇਵ ਨੂੰ ਸਰਗੁਣਵਾਦੀ ਬਾਹਰੀ ਭਗਤੀ ਦੇ ਟਾਕਰੇ ਅੰਤਰ-ਆਤਮੇ ਉਸ ਨਿਰਗੁਣ ਪਰਮਾਤਮਾ ਦੀ ਪ੍ਰਾਪਤੀ ਲਈ ਪ੍ਰੇਰਿਆ ਜੋ ਕਣ-ਕਣ ਵਿਚ ਸਮਾਇਆ ਹੋਇਆ ਹੈ। ਨਾਮਦੇਵ ਦਾ ਇਹ ਬਾਹਰ ਵਲੋਂ ਅੰਦਰ ਵੱਲ ਦਾ ਤਬਦੀਲ ਹੋਣਾ, ਉਸ ਦੇ ਆਤਮਗਿਆਨੀ ਹੋਣ ਦਾ ਲਖਾਇਕ ਹੈ। ਨਾਮਦੇਵ ਗਿਆਨੇਸ਼ਵਰ ਨਾਲ ਦੂਰ-ਦੂਰ ਤੀਰਥਾਂ 'ਤੇ ਜਾਣ ਕਰਕੇ ਇਕ ਵੱਡੇ ਤਰਕਵਾਦੀ ਬਣੇ ਪਰ ਗਿਆਨੇਸ਼ਵਰ ਦੀ ਮੌਤ ਤੋਂ ਬਾਅਦ ਉਹ ਉੱਤਰੀ ਮਹਾਂਰਾਸ਼ਟਰ ਤੋਂ ਭਾਰਤ ਵੱਲ, ਪੰਜਾਬ ਵਿਚ ਆ ਕੇ ਰਹੇ। ਇਥੇ ਉਨ੍ਹਾਂ ਦੀ ਅਧਿਆਤਮਕ ਰੁਚੀ ਦਾ ਵਿਕਾਸ ਸਿਖਰ 'ਤੇ ਪਹੁੰਚਿਆ।

ਸਪੱਸ਼ਟ ਹੈ ਕਿ ਨਾਮਦੇਵ ਦਾ ਅਧਿਆਤਮਕ ਪਾਸਾਰ ਉਨ੍ਹਾਂ ਦੇ ਜੱਦੀ ਪ੍ਰਦੇਸ਼ ਮਹਾਂਰਾਸ਼ਟਰ ਤੱਕ ਸੀਮਿਤ ਨਾ ਹੋ ਕੇ ਸਮੁੱਚੇ ਭਾਰਤੀ ਭੂ-ਖੰਡ ਦੇ ਜਨ-ਸਮੂਹ ਵਿਚ ਫੈਲਿਆ। ਵੱਖੋ-ਵੱਖ ਪ੍ਰਾਂਤਾਂ ਦੇ ਭ੍ਰਮਣ ਦੀ ਸਥਿਤੀ ਅਤੇ ਤਤਕਾਲੀਨ ਪਰਸਥਿਤੀਆਂ ਦੇ ਅਨੁਭਵ ਨੇ ਭਗਤ ਨਾਮਦੇਵ ਦੀ ਭਗਤੀ ਭਾਵਨਾ ਨੂੰ ਹੋਰ ਵੀ ਵਧੇਰੇ ਪ੍ਰਪੱਕ ਬਣਾ ਦਿੱਤਾ। "ਉਹ ਆਪਣੇ ਮੂਲ ਸਥਾਨ ਤੋਂ ਚੱਲ ਕੇ ਆਪਣੇ ਪ੍ਰਚਾਰ-ਦੌਰਿਆ ਵਿਚ ਕਈ ਥਾਈਂ ਭ੍ਰਮਣ ਕਰਦੇ, ਉਮਰ ਦੇ ਆਖ਼ਰੀ ਹਿੱਸੇ ਵਿਚ ਘੁਮਾਣ (ਗੁਰਦਾਸਪੁਰ) ਪਹੁੰਚੇ। ਆਪਣੇ ਅਧਿਆਤਮਕ ਦਰਸ਼ਨ ਅਤੇ ਜੀਵਨ ਜਾਚ ਦੇ ਪ੍ਰਚਾਰ-ਪ੍ਰਸਾਰ ਹਿੱਤ ਭਗਤ ਨਾਮਦੇਵ ਜੀ ਨੇ ਪੰਜਾਬੀ ਦੇ ਪ੍ਰਭਾਵ ਵਾਲੀ ਕਾਵਿ-ਭਾਸ਼ਾ ਵਿਚ ਬਾਣੀ ਲਿਖੀ ਅਤੇ ਉੱਤਰੀ ਭਾਰਤ ਵਿਚ ਭਗਤੀ ਕਾਵਿ ਵਿਸ਼ੇਸ਼ ਕਰਕੇ, ਨਿਰਗੁਣ ਭਗਤੀ ਕਾਵਿ ਦਾ ਮੁੱਢ ਬੰਨ੍ਹਿਆ। ਭਗਤੀ ਕਾਵਿ ਦੀ ਸੰਕਲਪੀ ਸ਼ਬਦਾਵਲੀ ਨੂੰ ਛਿੱਲਣ ਤਰਾਸ਼ਣ ਵਿਚ ਭਗਤ ਜੀ ਦੀ ਭੂਮਿਕਾ ਇਕ ਮੋਢੀ ਦੀ ਹੈ। ਇਸ ਦਾ ਸਬੂਤ ਬਹੁਤ ਸਾਰੀ ਸ਼ਬਦਾਵਲੀ ਨੂੰ ਪਿਛਲੇ ਬਾਣੀਕਾਰਾਂ ਵਲੋਂ ਵਰਤਣ ਤੋਂ ਮਿਲਦਾ ਹੈ।"[8] ਹਰ ਇਕ ਰਚਨਾ ਦਾ ਆਪਣੇ ਆਲੇ-ਦੁਆਲੇ ਦੇ ਚੌਗਿਰਦੇ ਨਾਲ ਬੜਾ ਗੂੜ੍ਹਾ ਸੰਬੰਧ ਹੁੰਦਾ ਹੈ। ਰਚਨਾਕਾਰ ਦੀ ਪੂਰਬਲੀ ਅਤੇ ਸਮਕਾਲੀ ਪਰੰਪਰਾ ਦੋਵੇਂ ਉਸਦੀ ਰਚਨਾ ਦਾ ਆਧਾਰ ਬਣਦੇ ਹਨ। "ਭਗਤ ਨਾਮਦੇਵ ਜੀ ਦੀ ਰਚਨਾ ਦੀ ਜਦ ਗੱਲ ਕੀਤੀ ਜਾਂਦੀ ਹੈ ਤਾਂ ਭਾਸ਼ਾਈ ਨਜ਼ਰੀਏ ਤੋਂ ਇਹ ਰਚਨਾ ਤਿੰਨਾਂ ਕੋਟੀਆਂ ਵਿਚ ਵੰਡੀ ਮਿਲਦੀ ਹੈ। ਪਹਿਲੀ ਕੋਟੀ ਮਰਾਠੀ ਭਾਸ਼ਾ ਵਿਚ ਰਚੇ ਉਨ੍ਹਾਂ ਅਭੰਗਾਂ ਦੀ ਹੈ, ਜਿਨ੍ਹਾਂ ਦੀ ਗਿਣਤੀ 2500 ਦੇ ਕਰੀਬ ਦੱਸੀ ਜਾਂਦੀ ਹੈ, ਪਰ ਇਸ ਦੀ ਪ੍ਰਮਾਣਿਕਤਾ ਬਾਰੇ ਵਿਦਵਾਨਾਂ ਵਿਚ ਮੱਤਭੇਦ ਹਨ। ਦੂਜੀ ਕੋਟੀ ਹਿੰਦੀ ਭਾਸ਼ੀ ਪਦਿਆਂ ਦੀ ਹੈ, ਜਿਨ੍ਹਾਂ ਦੀ ਗਿਣਤੀ 250 ਹੈ। ਤੀਜੀ ਕੋਟੀ ਪੰਜਾਬੀ ਭਾਸ਼ਾ ਵਿਚ ਰਚੇ ਸ਼ਬਦਾਂ ਦੀ ਹੈ, ਜਿਨ੍ਹਾਂ ਦੀ ਪ੍ਰਮਾਣਿਕਤਾ ਬਾਰੇ ਕਿਸੇ ਪ੍ਰਕਾਰ ਦੀ ਕੋਈ ਦੁਬਿਧਾ ਨਹੀਂ।"[9]

ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮਦੇਵ ਜੀ ਦੇ 61 ਸ਼ਬਦ 18 ਰਾਗਾਂ ਅਧੀਨ ਦਰਜ ਕੀਤੇ ਗਏ ਹਨ। ਉਨ੍ਹਾਂ ਦੀ ਇਸ ਸਮੁੱਚੀ ਰਾਗਬੱਧ ਬਾਣੀ ਦੀ ਮੁੱਖ ਟੇਕ ਆਪਣੀ ਅਧਿਆਤਮਕ ਅਨੁਭੂਤੀ ਦੀ ਸਮਾਜਕ ਵਿਵਸਥਾ ਦੇ ਸੰਦਰਭ ਵਿਚ ਅਭਿਵਿਅਕਤੀ ਹੈ। ਸੰਸਾਰਕਤਾ ਅਤੇ ਬ੍ਰਹਮ ਦੀ ਨਿੱਜੀ ਅਨੁਭੂਤੀ ਉਨ੍ਹਾਂ ਦੀ ਰਚਨਾ ਦਾ ਪ੍ਰਮੁੱਖ ਆਧਾਰ ਬਣਦੀ ਹੈ। ਨਾਮਦੇਵ ਬਾਣੀ ਦੀ ਮੁੱਖ ਥੀਮ ਬ੍ਰਹਮ, ਨਾਮ-ਸਿਮਰਨ ਅਤੇ ਭਗਤੀ-ਭਾਵਨਾ 'ਤੇ ਕੇਂਦਰਿਤ ਹੈ। ਭਗਤ ਨਾਮਦੇਵ ਆਪਣੀ ਰਚਨਾ ਵਿਚ ਬ੍ਰਹਮ ਨੂੰ, ਉਸਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਸੰਬੋਧਿਤ ਕਰਦੇ ਹਨ। ਉਹ ਬ੍ਰਹਮ, ਜੋ ਆਪਣੇ ਭਗਤਾਂ ਦਾ ਸਹਾਰਾ, ਬਖ਼ਸ਼ਿਸ਼, ਦਾਤਾ, ਦਇਆ ਰੂਪ ਅਤੇ ਅੰਤਰਜਾਮੀ ਭਾਵ ਸਭ ਕੁਝ ਜਾਣਨ ਵਾਲਾ ਤੇ ਦੇਖਣ ਵਾਲਾ ਹੈ। ਆਪ ਫੁਰਮਾਉਂਦੇ ਹਨ :

ਤੂੰ ਦਾਨਾ ਤੂੰ ਬੀਨਾ ਮੈ ਬੀਚਾਰੁ ਕਿਆ ਕਰੀ ॥

ਨਾਮੇ ਚੇ ਸੁਆਮੀ ਬਖਸੰਦ ਤੂੰ ਹਰੀ ॥[10]

"ਪਰਮਾਤਮਾ ਅਥਵਾ ਬ੍ਰਹਮ ਦੀ ਹੋਂਦ ਪਹਿਲਾਂ ਵੀ ਵਿਆਪਕ ਸੀ। ਹਰੇਕ ਯੁੱਗ ਵਿਚ ਵੀ ਵਿਆਪਕ ਰਹੇਗੀ ਤੇ ਵਰਤਮਾਨ ਵਿਚ ਵੀ ਮੌਜੂਦ ਹੈ।"[11] ਨਾਮਦੇਵ ਬਾਣੀ ਦਾ ਸੰਬੰਧ ਬ੍ਰਹਮਮਈ ਗਿਆਨ ਨਾਲ ਹੋਣ ਕਰਕੇ, ਉਨ੍ਹਾਂ ਦੀ ਰਚਨਾ ਵਿਚ ਬ੍ਰਹਮ ਸ੍ਰਿਸ਼ਟੀ ਵਿਚ ਹਰ ਥਾਂ ਵਿਆਪਤ, ਸਮੇਂ ਸਥਾਨ ਤੋਂ ਪਰ੍ਹੇ ਹੈ। ਡਾ: ਇਕਬਾਲ ਕੌਰ ਅਨੁਸਾਰ "ਭਗਤ ਨਾਮਦੇਵ ਨਿਰਗੁਣ ਭਗਤ ਸਨ। ਨਿਰਗੁਣ ਭਗਤੀ ਗੁਰਬਾਣੀ ਦੀ ਮੁੱਖ ਚੂਲ ਹੈ। ਨਾਮਦੇਵ ਬਾਣੀ ਪ੍ਰਯੁਕਤ ਸਰਗੁਣੀ ਸੰਬੋਧਨੀ ਸ਼ਬਦ ਪ੍ਰੇਮਾ-ਭਗਤੀ ਦੇ ਖੇਤਰ ਦੀ ਉਪਜ ਹੈ। ਗੁਰਬਾਣੀ ਵਿਚ ਵੀ ਵਿਭਿੰਨ ਸਰਗੁਣੀ ਸ਼ਬਦਾਂ ਦੀ ਵਰਤੋਂ ਥਾਂ ਪਰ ਥਾਂ ਹੋਈ ਹੈ। ਸਮਕਾਲੀ ਪ੍ਰਸਥਿਤੀਆਂ ਦੇ ਸੰਦਰਭ ਵਿਚ ਵੀ ਗੁਰਬਾਣੀ ਅਤੇ ਨਾਮਦੇਵ ਬਾਣੀ ਵਿਚ ਪ੍ਰਸੰਗਿਕ ਸੁਰ ਉਚਾਰੀ ਗਈ ਹੈ।"[12] ਨਾਮਦੇਵ ਦੁਆਰਾ ਆਪਣੀ ਰਚਨਾ ਵਿਚ ਬੀਠੁਲ, ਗੋਬਿੰਦ, ਕੇਸ਼ਵਾ ਸਿਆਮ, ਮੁਰਾਰੀ, ਅਸਪਤਿ ਕਲੰਦਰ, ਠਾਕੁਰ, ਰਾਮ, ਪਾਤਿਸਾਹ, ਮੁਕੰਦ ਅਤੇ ਰਾਮਈਆ ਆਦਿ ਸ਼ਬਦਾਂ ਦੀ ਵਰਤੋਂ ਵਧੇਰੇ ਹੋਈ ਹੈ। ਇਹ ਉਨ੍ਹਾਂ ਦਾ ਨਿਰਗੁਣ ਬ੍ਰਹਮ ਨੂੰ ਸੰਬੋਧਿਤ ਕਰਨ ਦਾ ਇਕ ਵੱਖਰਾ ਮੁਹਾਵਰਾ ਹੈ। ਜਿਵੇਂ :

ਮੋ ਕਉ ਤੂ ਨ ਬਿਸਾਰਿ ਤੂ ਨ ਬਿਸਾਰਿ ॥

ਤੂ ਨ ਵਿਸਾਰੇ ਰਾਮਈਆ ॥ ਰਹਾਉ ॥[13]

ਬ੍ਰਹਮ ਨਿਰੂਪਣ ਪਰੰਪਰਾ ਵਿਚ ਬਹੁਦੇਵ ਦੀ ਕਲਪਨਾ ਤੇ ਈਸ਼ਵਰ ਦੇ ਪੁਰਸ਼-ਰੂਪ ਤੋਂ ਲੈ ਕੇ ਬ੍ਰਹਮ ਦੇ ਸਰਗੁਣ ਅਤੇ ਨਿਰਗੁਣ ਸਰੂਪ ਤੱਕ ਦਾ ਪ੍ਰਤਿਪਾਦਨ ਕੀਤਾ ਗਿਆ ਮਿਲਦਾ ਹੈ। ਭਗਤ ਨਾਮਦੇਵ ਦੇ ਸਮਕਾਲ ਵਿਚ ਦੋ ਕੌਮਾਂ ਆਰੀਆਈ ਅਤੇ ਸਾਮੀ ਦੀ ਵਿਚਾਰਧਾਰਾ ਦਾ ਵਿਧਾਨ ਸਥਾਪਿਤ ਹੋ ਚੁੱਕਾ ਸੀ। ਇਨ੍ਹਾਂ ਦੋਵਾਂ ਕੌਮਾਂ ਵਿਚ ਹੀ ਆਪੋ-ਆਪਣੇ ਧਰਮ ਨੂੰ ਉਚਿਆਉਣ (ਵਡਿਆਉਣ) ਦੀ ਹੋੜ ਜਿਹੀ ਲੱਗੀ ਹੋਈ ਸੀ। ਪੁਜਾਰੀ ਅਤੇ ਸ਼ਾਸਕ ਵਰਗ ਦੁਆਰਾ ਪ੍ਰਦੂਸ਼ਿਤ ਹੋ ਰਹੇ ਭਾਰਤੀ ਚਿੰਤਨ ਵਿਚ ਬਾਹਰੀ ਅਰਚਾ-ਪੂਜਾ, ਕਰਮ-ਕਾਂਡ ਅਤੇ ਸ਼ਰ੍ਹਾ-ਸ਼ਰੀਅਤ ਦੀ ਕੱਟੜਤਾ ਆਦਿ ਨੂੰ ਨਾਮਦੇਵ ਜੀ ਨੇ ਨਕਾਰਿਆ ਅਤੇ ਸਪੱਸ਼ਟ ਤੌਰ 'ਤੇ ਨਿਰਗੁਣ ਪ੍ਰਭੂ ਦੇ ਨਾਮ-ਸਿਮਰਨ ਵਾਲੀ ਪ੍ਰੇਮਾ-ਭਗਤੀ ਨੂੰ ਵਡਿਆਈ ਦਿੰਦੇ ਹੋਏ ਉਚਾਰਨ ਕੀਤਾ:

ਹਿੰਦੂ ਅੰਨ੍ਹਾ ਤੁਰਕੂ ਕਾਣਾ ॥

ਦੁਹਾਂ ਤੇ ਗਿਆਨੀ ਸਿਆਣਾ ॥

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥

ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥[14]

ਉਪਰੋਕਤ ਕਾਵਿ-ਪੰਕਤੀਆਂ ਤੋਂ ਜ਼ਾਹਰ ਹੈ ਕਿ ਨਾਮਦੇਵ ਨੇ ਉਸ ਸਮੇਂ ਦੇ ਰਾਜ ਭਾਗ ਦੇ ਮਾਲਕ ਹਿੰਦੂਆਂ ਤੇ ਤੁਰਕਾਂ ਦੀ ਜਾਬਰ ਸ਼ਕਤੀ ਦੀ ਗੱਲ ਕਰਦੇ ਹੋਏ ਉਨ੍ਹਾਂ ਪ੍ਰਤੀ ਰੋਹ ਤੇ ਕ੍ਰਾਂਤੀਕਾਰੀ ਭਾਵਨਾ ਰੱਖੀ ਜਿਹੜੇ ਉੱਚ ਤੇ ਕੁਲੀਨ ਵਰਗ ਨੇ ਮਹਾਂਪੁਰਸ਼ਾਂ ਨੂੰ ਆਪਣੇ ਉਦੇਸ਼ ਤੋਂ ਕ੍ਰਾਂਤੀਕਾਰੀ ਭਾਵਨਾ ਤੋਂ ਭਟਕਾਉਣ ਅਤੇ ਅਪਮਾਨਿਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਪੰਡਤਾਂ ਦੇ ਤ੍ਰਿਸਕਾਰ ਦਾ ਸ਼ਿਕਾਰ ਭਗਤ ਨਾਮਦੇਵ ਵੀ ਹੋਏ, ਰਵਿਦਾਸ ਭਗਤ ਵੀ ਤੇ ਭਗਤ ਕਬੀਰ ਵੀ। ਸ਼ਾਇਦ ਇਸੇ ਕਾਰਨ ਇਨ੍ਹਾਂ ਦੀ ਰਚਨਾ ਵਿਚ ਕ੍ਰਾਂਤੀਕਾਰੀ ਅੰਸ਼ ਮਿਲਦਾ ਹੈ, ਵਿਸ਼ੇਸ਼ ਕਰਕੇ ਨਾਮਦੇਵ ਤੇ ਕਬੀਰ ਦੀ ਰਚਨਾ ਵਿਚ ਤਾਂ ਇਹ ਭਰਪੂਰ ਮਾਤਰਾ ਵਿਚ ਵਿਦਮਾਨ ਹੈ।[15] ਭਗਤ ਨਾਮਦੇਵ ਨੇ ਉਸ ਸਮੇਂ ਦੇ ਅਭਿਮਾਨੀ ਬ੍ਰਾਹਮਣ ਪੁਜਾਰੀ ਵਰਗ ਅਤੇ ਕਾਜ਼ੀ ਮੌਲਾਣੇ ਆਦਿ ਦੇ ਵਿਅਕਤੀ ਪੂਜਾ ਤੇ ਕਰਮਕਾਂਡ ਦਾ ਵੀ ਜ਼ੋਰਦਾਰ ਖੰਡਨ ਕੀਤਾ ਤੇ ਵਿਅੰਗ ਵੀ ਕਸਿਆ। ਭਵਾਨੀ ਨੂੰ ਸ਼ਕਤੀ ਦਿਵਾਉਣ ਦੇ ਅਸਮਰਥ ਦੱਸਿਆ ਹੈ ਅਤੇ ਉਸ ਪਰਮਾਤਮਾ ਦੇ ਨਾਮ ਨੂੰ ਸਿਮਰਨ 'ਤੇ ਜ਼ੋਰ ਦਿੱਤਾ ਹੈ :

ਤੂ ਕਹੀਅਤ ਹੀ ਆਦਿ ਭਵਾਨੀ ॥

ਮੁਕਤਿ ਕੀ ਬਰੀਆ ਕਹਾ ਛਪਾਨੀ ॥[16]

ਭਗਤ ਨਾਮਦੇਵ ਦੀ ਬਾਣੀ ਆਧਾਰਿਤ ਬ੍ਰਹਮ ਨੂੰ ਅਨਿਰਵਾਚੀਯ ਕਿਹਾ ਗਿਆ ਹੈ। ਇਸ ਅਨੁਭੂਤੀ ਨੂੰ ਭਗਤ ਨਾਮਦੇਵ ਨੇ ਆਕਾਸ਼ ਵਿਚ ਉੱਡਦੇ ਪੰਛੀ, ਜਲ ਵਿਚਲੀ ਮੱਛਲੀ ਅਤੇ ਮ੍ਰਿਗ-ਤ੍ਰਿਸ਼ਨਾ ਆਦਿ ਬਿੰਬਾਵਲੀ ਰਾਹੀਂ ਪ੍ਰਗਟਾਇਆ ਹੈ। ਉਨ੍ਹਾਂ ਆਪਣੀ ਰਚਨਾ ਵਿਚ ਭਗਵਾਨ ਅਤੇ ਭਗਤ ਦੇ ਸੰਬੰਧਾਂ ਨੂੰ ਪ੍ਰਗਟਾਉਣ ਲਈ ਠਾਕੁਰ-ਦਾਸ, ਰਾਜਾ-ਪਰਜਾ, ਪਿਤਾ-ਪੁੱਤਰ ਅਤੇ ਪਤੀ-ਪਤਨੀ ਆਦਿ ਮਾਨਵੀ ਰਿਸ਼ਤਿਆਂ ਰਾਹੀਂ ਪ੍ਰਤੀਕਾਤਮਕ ਅਭਿਵਿਅਕਤੀ ਕੀਤੀ ਹੈ। ਭਗਤ ਨਾਮਦੇਵ ਬ੍ਰਹਮ-ਪ੍ਰਾਪਤੀ ਦਾ ਪ੍ਰਮੁੱਖ ਸਾਧਨ ਗੁਰੂ-ਪ੍ਰਾਪਤੀ ਨੂੰ ਪ੍ਰਵਾਨ ਕਰਦੇ ਹਨ। ਗੁਰੂ, ਮਨੁੱਖ ਅੰਦਰ ਹਉਮੈ ਕਾਰਨ ਪੈਦਾ ਹੋਣ ਵਾਲੇ ਔਗੁਣਾਂ ਤੋਂ ਬਚਾਉਂਦਾ ਹੈ। ਸਤਿਗੁਰੂ ਦੀ ਪ੍ਰਾਪਤੀ ਨਾਲ ਸਾਰੇ ਸੰਸੇ, ਦੁਬਿਧਾਵਾਂ ਮਿਟ ਜਾਂਦੀਆਂ ਹਨ। ਨਾਮ-ਪ੍ਰਾਪਤੀ ਹੀ ਗੁਰੂ ਪ੍ਰਾਪਤੀ ਹੈ ਅਤੇ ਗੁਰੂ-ਪ੍ਰਾਪਤੀ ਤੋਂ ਹੀ ਬ੍ਰਹਮ-ਪ੍ਰਾਪਤੀ ਦਾ ਮਾਰਗ ਨਜ਼ਰੀਂ ਆਉਂਦਾ ਹੈ ਜਿਸ ਨੂੰ ਨਾਮ-ਸਾਧਨਾ ਨਾਲ ਪ੍ਰਾਪਤ ਕੀਤਾ ਜਾ ਸਕਦਾ ਹੈ :

ਗੁਰੂ ਚੇਲੇ ਹੈ ਮਨੁ ਮਾਨਿਆ ॥

ਜਨ ਨਾਮੈ ਤਤੁ ਪਛਾਨਿਆ ॥[17]

ਨਾਮ ਦੇਉ ਨਾਰਾਇਨ ਪਾਇਆ ॥

ਗੁਰੁ ਭੇਟਤ ਅਲਖੁ ਲਖਾਇਆ ॥[18]

ਉਪਰੋਕਤ ਕਾਵਿ ਬਾਣੀ ਤੋਂ ਸਪੱਸ਼ਟ ਹੈ ਕਿ ਗੁਰੂ ਹੀ ਪ੍ਰਭੂ ਨਾਲ ਜੋੜਨ ਵਾਲਾ, ਪਰਮਾਤਮਾ ਦੀ ਸੋਝੀ ਕਰਵਾਉਣ ਵਾਲਾ ਤੇ ਅਪਾਰ ਕਿਰਪਾ ਕਰਨ ਵਾਲਾ ਹੈ। ਨਾਮ-ਸਾਧਨਾ ਭਗਤ ਨਾਮਦੇਵ ਦੀ ਭਗਤੀ ਸਾਧਨਾ ਦਾ ਪ੍ਰਮੁੱਖ ਅਭਿਆਸ ਹੈ। ਨਾਮ ਜਪਣ ਨਾਲ ਕਿਸੇ ਦਾ ਕਲੰਕ ਬਾਕੀ ਨਹੀਂ ਰਹਿੰਦਾ। ਵਿਕਾਰਾਂ ਵਿਚ ਡਿੱਗੇ ਹੋਏ ਪਾਪੀ ਵੀ ਪ੍ਰਭੂ ਦਾ ਨਾਮ ਲੈਣ ਨਾਲ ਪਵਿੱਤਰ ਹੋ ਗਏ। ਗੁਰੂ ਦੀ ਸਿਖਿਆ ਅਨੁਸਾਰ ਪ੍ਰਭੂ ਦੇ ਨਾਮ ਨੂੰ ਜਪ ਕੇ ਸਾਰੇ ਹੀ ਬੈਕੁੰਠ ਭਾਵ ਪ੍ਰਭੂ ਦੇਸ਼ ਵਿਚ ਅੱਪੜ ਜਾਂਦੇ ਹਨ :

ਕਉਨ ਕੋ ਕਲੰਕੁ ਰਹਿਓ ਰਾਮ ਨਾਮੁ ਲੇਤ ਹੀ ॥

ਪਤਿਤ ਪਵਿਤ ਭਏ ਰਾਮੁ ਕਹਤੁ ਹੀ ॥ ਰਹਾਉ ॥

... ... ... ...

ਗੁਰਮਤਿ ਰਾਮੁ ਕਹਿ ਕੋ ਕੋ ਨ ਬੈਕੁੰਠਿ ਗਏ ॥[19]

ਨਾਮ ਸਾਧਨਾ ਨੂੰ ਭਗਤ ਨਾਮਦੇਵ ਅਤਿ ਸਰਲ ਸ਼ੈਲੀ ਰਾਹੀਂ ਵਰਣਨ ਕਰਦੇ ਹੋਏ, ਨਾਮ ਸਿਮਰਨ ਨਾਲ ਸਭ ਭਰਮ, ਸ਼ੰਕੇ, ਚਿੰਤਾਵਾਂ, ਜਾਤ, ਕੁਲ ਦੇ ਬੰਧਨਾਂ ਤੋਂ ਮੁਕਤੀ ਦਾ ਰਾਹ ਦੱਸਦੇ ਹਨ। ਰਾਗ ਤਿਲੰਗ ਵਿਚ ਭਗਤ ਜੀ ਨੇ ਪ੍ਰਭੂ-ਨਾਮ ਨੂੰ ਇਕ ਅੰਨ੍ਹੇ ਵਿਅਕਤੀ ਦੇ ਸਹਾਰੇ 'ਡੰਗੋਰੀ' ਨਾਲ ਤੁਲਨਾਇਆ ਹੈ ਕਿਉਂਕਿ ਡੰਗੋਰੀ ਰੂਪੀ ਪ੍ਰਮਾਤਮਾ ਜਿਥੇ ਬੇਸਹਾਰੇ ਦਾ ਸਹਾਰਾ ਹੁੰਦਾ ਹੈ ਉਥੇ ਉਸ ਦੇ ਰਸਤੇ ਵਿਚ ਆਉਣ ਵਾਲੀਆਂ ਪੱਥਰ ਰੂਪੀ ਔਕੜਾਂ ਨੂੰ ਵੀ ਦੂਰ ਕਰਦਾ ਹੈ ਬਸ਼ਰਤੇ ਭਗਤ ਇਸ ਡੰਗੋਰੀ ਰੂਪ ਪ੍ਰਮਾਤਮਾ ਨੂੰ ਆਪਣੇ ਤਨ-ਮਨ ਵਿਚ ਨਿਰੰਤਰ ਵਸਾਈ ਰੱਖੇ :

www.ignited.in

ਮੈ ਅੰਧੁਲੇ ਕੀ ਟੇਕ ਤੇਰਾ ਨਾਮੁ ਖੁੰਦਕਾਰਾ ॥

ਮੈ ਗਰੀਬ ਮੈ ਮਸਕੀਨ ਤੇਰਾ ਨਾਮੁ ਹੈ ਅਧਾਰਾ ॥ ਰਹਾਉ ॥[20]

ਇਸ ਤਰ੍ਹਾਂ ਭਗਤ ਦੀ ਅਥਾਹ ਭਾਉ-ਭਗਤੀ ਦੇ ਉੱਤਰ ਵਿਚ ਪ੍ਰਭੂ-ਪ੍ਰੀਤ ਦਾ ਹੁੰਗਾਰਾ ਵੀ ਭਰਵੇਂ ਰੂਪ ਵਿਚ ਪ੍ਰਾਪਤ ਹੁੰਦਾ ਹੈ। ਪ੍ਰੇਮਾ-ਭਗਤੀ ਵਿਚ ਪੂਰਨ ਲੀਨ ਹੋਣ ਨਾਲ ਬਾਹਰੀ ਭੇਖਾਂ ਤੋਂ ਤਿਆਗ ਅਤੇ ਵੈਰਾਗ ਦੀ ਵਿਵਸਥਾ ਸਥਾਪਤ ਹੋ ਜਾਂਦੀ ਹੈ। ਨਾਮਦੇਵ ਦੀ ਭਗਤੀ ਦਾ ਮਾਰਗ ਪ੍ਰੇਮਾ-ਭਗਤੀ ਦਾ ਹੀ ਮਾਰਗ ਹੈ। ਉਹ ਪ੍ਰਭੂ-ਮਿਲਾਪ ਦੇ ਆਨੰਦ ਦਾ ਅਨੁਭਵ, ਨਿਰੰਤਰ ਯਤਨਸ਼ੀਲਤਾ ਪ੍ਰਤੀ ਚੇਤੰਨ ਹੋਣ ਦੇ ਨਾਲ-ਨਾਲ, ਪ੍ਰੇਮਾ-ਭਗਤੀ ਦੇ ਰਾਹ ਵਿਚ ਆਉਣ ਵਾਲੀਆਂ ਕਠਿਨਾਈਆਂ ਤੋਂ ਵੀ ਚੇਤੰਨ ਹਨ ਜਿਸ ਦਾ ਜ਼ਿਕਰ ਨਾਮਦੇਵ ਬਾਣੀ ਵਿਚ ਥਾਂ-ਥਾਂ ਕੀਤਾ ਮਿਲਦਾ ਹੈ :

ਤੇਰੀ ਭਗਤਿ ਨ ਛੋਡਉ ਭਾਵੈ ਲੋਗੁ ਹਸੈ ॥

ਸਾਚੁ ਨਾਮੁ ਮੇਰੈ ਹੀਅਰੇ ਬਸੈ ॥ ੧ ॥ ਰਹਾਉ ॥[21]

ਇਸ ਤਰ੍ਹਾਂ ਭਗਤ ਨਾਮਦੇਵ ਜੀ ਦੀ ਭਗਤੀ ਭਾਵਨਾ ਵਿਚ ਗਿਆਨ ਦਾ ਸਮਾਵੇਸ਼ ਹੈ। ਉਨ੍ਹਾਂ ਦੀ ਸਮੁੱਚੀ ਬਾਣੀ ਦਾ ਵਿਸ਼ਾ ਨਿਰਗੁਣ ਬ੍ਰਹਮ ਦੀ ਏਕਤਾ, ਸਰਬ-ਵਿਆਪਕਤਾ, ਨਾਮ-ਸਿਮਰਨ ਅਤੇ ਭਗਤੀ ਭਾਵਨਾ ਨੂੰ ਮਨੁੱਖ ਦੇ ਲੌਕਿਕ ਅਤੇ ਪਰਾਲੌਕਿਕ ਜਗਤ ਨਾਲ ਜੋੜ ਕੇ ਪੇਸ਼ ਕਰਨਾ ਹੈ। ਨਾਮਦੇਵ ਜੀ ਦੀ ਸ਼ਬਦ ਰਚਨਾ ਦਾ ਪ੍ਰੇਰਨਾ ਸ੍ਰੋਤ ਸਮਕਾਲੀ ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਵਿਵਸਥਾ ਹੈ ਜਿਸਦੇ ਵਿਭਿੰਨ ਪੱਖਾਂ ਦਾ ਵਿਕ੍ਰਤ ਰੂਪ ਉਨ੍ਹਾਂ ਦੀ ਬਾਣੀ ਵਿਚੋਂ ਸਪੱਸ਼ਟ ਦ੍ਰਿਸ਼ਟੀਗੋਚਰ ਹੁੰਦਾ ਹੈ। ਨਾਮਦੇਵ ਬਾਣੀ ਸਮਕਾਲੀ ਸਮਾਜ ਦੇ ਹਰ ਖੇਤਰ ਦੀ ਪਤਨਸ਼ੀਲ ਵਿਵਸਥਾ ਨੂੰ ਵਿਕਾਸ ਦੇ ਮਾਰਗ ਵੱਲ ਲਿਜਾਣ ਲਈ ਪੂਰਨ ਤੌਰ 'ਤੇ ਯਤਨਸ਼ੀਲ ਹੈ। ਉਨ੍ਹਾਂ ਨੇ ਧਾਰਮਿਕ, ਨੈਤਿਕ ਅਤੇ ਸਮਾਜਿਕ ਜੀਵਨ ਵਿਚ ਮਨੁੱਖੀ ਗੌਰਵ ਨੂੰ ਸੱਟ ਮਾਰਨ ਵਾਲੀਆਂ ਮਾਨਤਾਵਾਂ, ਰੀਤੀ-ਰਿਵਾਜ, ਜਾਦੂ-ਟੂਣੇ ਅਤੇ ਕਰਮ-ਕਾਂਡ ਆਦਿ ਫੋਕਟ ਵਿਸ਼ਵਾਸਾਂ ਨੂੰ ਨਿਰਭਉ ਹੋ ਕੇ ਵੰਗਾਰਿਆ, ਜਿਸ ਵੰਗਾਰ ਤਹਿਤ ਉਨ੍ਹਾਂ ਮੂਰਤੀ ਨੂੰ ਇਸ਼ਨਾਨ ਕਰਾਉਣ, ਮਾਲਾ ਪਹਿਨਾਉਣ ਆਦਿ ਵਿਸ਼ਵਾਸਾਂ ਨੂੰ ਬੜੇ ਤਰਕਮਈ ਅੰਦਾਜ਼ ਵਿਚ ਬਿਆਨ ਕੀਤਾ ਹੈ :

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸਨਾਨੁ ਕਰਉ ॥

ਬਇਆਲੀਸ ਲਖ ਜੀ ਜਲ ਮਹਿ ਹੋਤੇ ਬੀਠਲੁ ਭੈਲਾ ਕਾਇ ਕਰਉ ॥ ੧ ॥

ਜਤ੍ਰ ਜਾਉ ਤਤ ਬੀਠਲੁ ਭੈਲਾ ॥

ਮਹਾ ਅਨੰਦ ਕਰੇ ਸਦ ਕੇਲਾ ॥ ੧ ॥ ਰਹਾਉ ॥

ਆਨੀਲੇ ਫੂਲ ਪਰੋਈਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ ॥

ਪਹਿਲੇ ਬਾਸੁ ਲਈ ਹੈ ਭਵਰਹ ਬੀਠਲ ਭੈਲਾ ਕਾਇ ਕਰਉ ॥ ੨ ॥

ਆਨੀਲੇ ਦੂਧੁ ਰੀਧਾਈਲੇ ਖੀਰੰ ਠਾਕੁਰ ਕਉ ਨੈਵੇਦੁ ਕਰਉ ॥

ਪਹਿਲੇ ਦੂਧੁ ਬਿਟਾਰਿਓ ਬਛਰੈ ਬੀਠਲੁ ਭੈਲਾ ਕਾਇ ਕਰਉ ॥ ੩ ॥

ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨੁ ਸੰਸਾਰੁ ਨਹੀ ॥

ਥਾਨ ਥਨੰਤਰਿ ਨਾਮਾ ਪ੍ਰਣਵੈ ਪੂਰਿ ਰਹਿਓ ਤੂੰ ਸਰਬ ਮਹੀ ॥ ੪ ॥[22]

ਭਗਤ ਨਾਮਦੇਵ ਦੁਆਰਾ ਨਿਰਗੁਣ ਬ੍ਰਹਮ ਦੀ ਨਾਮ ਸਾਧਨਾ ਨੂੰ ਸਾਧਾਰਨ ਮਨੁੱਖਤਾ ਲਈ ਉਨੀ ਹੀ ਸਾਧਾਰਨ, ਸਰਲ ਅਤੇ ਸਹਿਜ ਪ੍ਰਕਿਰਿਆ ਰਾਹੀਂ ਪ੍ਰਗਟਾਇਆ ਹੈ ਜੋ ਬਿਨਾਂ ਕਿਸੇ ਕਰਮ-ਕਾਂਡ, ਹੱਠ-ਤਪ ਦੇ ਸਹਿਜੇ ਹੀ ਈਸ਼ਵਰ ਨਾਲ ਇਕਮਿਕ ਹੋਣ ਦੀ ਪ੍ਰਕਿਰਿਆ ਹੈ। ਪ੍ਰਭੂ-ਨਾਮ ਨਾਲ ਜੋੜਨ ਵਾਲੀ ਅਜਿਹੀ ਜੁਗਤ ਬਾਰੇ, ਨਾਮਦੇਵ, ਤ੍ਰਿਲੋਚਨ ਨੂੰ ਸੰਬੋਧਿਤ ਕਰਦੇ ਹੋਏ ਬਿਆਨ ਕਰਦੇ ਹਨ :

ਆਨੀਲੇ ਕਾਗਦੁ ਕਾਟੀਲੇ ਗੂਡੀ ਆਕਾਸ ਮਧੇ ਭਰਮੀਅਲੇ ॥

ਪੰਚ ਜਨਾ ਸਿਉ ਬਾਤ ਬਤਊਆ ਚੀਤੁ ਸੁ ਡੋਰੀ ਰਾਖੀਅਲੇ ॥ ੧ ॥

ਮਨੁ ਰਾਮ ਨਾਮਾ ਬੇਧੀਅਲੇ ॥

ਜੈਸੇ ਕਨਿਕ ਕਲਾ ਚਿਤੁ ਮਾਂਡੀਅਲੇ ॥ ੧ ॥ ਰਹਾਉ ॥

ਆਨੀਲੇ ਕੁੰਭੁ ਭਰਾਈਲੇ ਊਦਕ ਰਾਜ ਕੁਆਰਿ ਪੁਰੰਦਰੀਏ ॥

ਹਸਤ ਬਿਨੋਦ ਬੀਚਾਰ ਕਰਤੀ ਹੈ ਚੀਤੁ ਸੁ ਗਾਗਰਿ ਰਾਖੀਅਲੇ ॥ ੨ ॥

ਮੰਦਰੁ ਏਕੁ ਦੁਆਰ ਦਸ ਜਾ ਕੇ ਗਊ ਚਰਾਵਨ ਛਾਡੀਅਲੇ ॥

ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥ ੩ ॥

ਕਹਤ ਨਾਮਦੇਉ ਸੁਨਹੁ ਤਿਲੋਚਨ ਬਾਲਕੁ ਪਾਲਨ ਪਉਢੀਅਲੇ ॥

ਅੰਤਰਿ ਬਾਹਰਿ ਕਾਜ ਬਿਰੂਧੀ ਚੀਤੁ ਸੁ ਬਾਰਿਕ ਰਾਖੀਅਲੇ ॥ ੪ ॥[23]

ਉਪਰੋਕਤ ਸ਼ਬਦ ਵਿਚ ਜਿਥੇ ਮਨੁੱਖ ਨੂੰ ਪੂਰਨ ਤੌਰ ਤੇ ਬ੍ਰਹਮ ਵਿਚ ਲੀਨ ਹੋਣ, ਪ੍ਰਭੂ-ਸਿਮਰਨ ਵਿਚ ਟੇਕ ਲਗਾਈ ਰੱਖਣ ਉਤੇ ਜ਼ੋਰ ਦਿੱਤਾ ਗਿਆ ਹੈ ਉਥੇ ਹੀ ਆਪਣੇ ਜੀਵਨ ਜਿਉਣ ਦੀ ਚੰਗੇਰੀ ਜਾਚ ਨੂੰ ਵੀ ਅਪਣਾਈ ਰੱਖਣ ਉੱਤੇ ਬਲ ਦਿੱਤਾ ਹੈ ਭਾਵ ਭਗਤ ਨਾਮਦੇਵ ਜੀ ਨੇ ਮਨੁੱਖ ਨੂੰ ਗ੍ਰਿਹਸਥੀ ਜੀਵਨ ਜਿਉਂਦਿਆਂ, ਪ੍ਰਭੂ-ਭਗਤੀ ਦੁਆਰਾ ਪ੍ਰਭੂ-

ਪ੍ਰਾਪਤੀ ਦੀ ਮੰਜ਼ਿਲ ਸੁਝਾਈ ਹੈ। ਭਗਤ ਨਾਮਦੇਵ ਦੀ ਬਾਣੀ ਨੂੰ ਗੁਰਮਤਿ ਸਾਹਿਤ ਵਿਚ ਇਕ ਮਹੱਤਵਪੂਰਨ ਸਥਾਨ ਵੀ ਦਿੱਤਾ ਅਤੇ ਗੁਰੂ ਅਰਜਨ ਦੇਵ ਜੀ ਵੀ ਆਪਣੇ ਇਕ ਸ਼ਬਦ ਵਿਚ ਪ੍ਰਭੂ ਲਈ 'ਬੀਠਲ' ਨਾਮ ਦੀ ਵਰਤੋਂ ਕਰਦੇ ਹਨ, ਜਿਵੇਂ ਕਿ :

ਨਾਮੁ ਨਰਹਰ ਨਿਧਾਨੁ ਜਿਨ ਕੈ ਰਸ ਭੋਗ ਏਕ ਨਰਾਇਣਾ॥

ਰਸ ਰੂਪ ਰੰਗ ਅਨੰਤ ਬੀਠਲ ਸਾਸਿ ਸਾਸਿ ਧਿਆਇਣਾ॥[24]

ਅੰਤਾਂ ਵਿਚ ਕਿਹਾ ਜਾ ਸਕਦਾ ਹੈ ਕਿ ਭਗਤ ਨਾਮਦੇਵ ਨੇ ਬੜੇ ਹੀ ਸੰਜੀਦਾ, ਤਰਕ ਅਤੇ ਵਿਅੰਗਾਤਮਕ ਤਰੀਕੇ ਨਾਲ ਸਮਕਾਲੀ ਬਾਹਰਮੁਖੀ ਅਤੇ ਕਰਮ-ਕਾਂਡਾਂ ਵਿਚ ਉਲਝੀ ਭਗਤੀ-ਭਾਵਨਾ ਉੱਤੇ ਕਰਾਰੀ ਚੋਟ ਲਾਈ ਅਤੇ ਅਜਿਹੀ ਕਰਮਕਾਂਡੀ ਸਾਧਨਾ ਨੂੰ ਰੱਦ ਕਰਕੇ ਮੱਧਕਾਲੀ ਭਾਰਤੀ ਸਮਾਜ ਨੂੰ ਨਾਮ-ਸਿਮਰਨ ਦੀ ਸੱਚੀ, ਸਹਿਜ ਅਤੇ ਸਰਲ ਭਗਤੀ-ਸਾਧਨਾ ਨਾਲ ਜੋੜਿਆ। ਨਾਮਦੇਵ ਦੁਆਰਾ ਦਰਸਾਈ ਪ੍ਰਭੂ-ਪ੍ਰਾਪਤੀ ਦੀ ਮੰਜ਼ਿਲ ਦਾ ਰਾਹ, ਹਰ ਇਕ ਧਰਮ, ਜਾਤ ਅਤੇ ਵਰਗ ਦੇ ਵਿਅਕਤੀ ਲਈ ਖੁੱਲ੍ਹੇ ਹਨ। ਇਸ ਤਰ੍ਹਾਂ ਪ੍ਰਭੂ ਪ੍ਰਾਪਤੀ, ਨਾਮ-ਸਿਮਰਨ ਅਤੇ ਸੱਚੀ ਭਗਤੀ ਦੇ ਰੰਗ ਵਿਚ ਰੰਗਣ ਅਤੇ ਰੰਗੇ ਜਾਣ ਦੀ ਇਹ ਵੱਖਰਤਾ ਹੀ ਭਗਤ ਨਾਮਦੇਵ ਨੂੰ ਭਾਰਤੀ ਧਰਮ ਚਿੰਤਨ ਵਿਚੋਂ ਵਿਸ਼ੇਸ਼ ਅਤੇ ਵੱਖਰੇ ਸਥਾਨ 'ਤੇ ਖੜ੍ਹਾ ਕਰਦੀ ਹੈ ਜਿਥੇ ਉਨ੍ਹਾਂ ਦੀ ਨਿਰਗੁਣ ਵਿਚਾਰਧਾਰਾ ਪੂਰਨ ਤੌਰ 'ਤੇ ਗੁਰਮਤਿ-ਭਗਤੀ ਦੀ ਵਿਚਾਰਧਾਰਾ ਵਿਚ ਸੰਮਿਲਤ ਹੁੰਦੀ ਹੈ।

**ਹਵਾਲੇ ਤੇ ਟਿੱਪਣੀਆਂ**


1. ਡਾ. ਰਤਨ ਸਿੰਘ ਜੱਗੀ, ਗੁਰੂ ਗ੍ਰੰਥ ਵਿਸ਼ਵ ਕੋਸ਼ (ਭਾਗ ਦੂਜਾ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ-316.
2. ਗਿਆਨੀ ਬ੍ਰਹਮ ਸਿੰਘ, ਸਿੱਖ ਧਰਮ ਚਿੰਤਨ ਵਿਚ ਭਗਤੀ, (ਸੰਪਾ. ਡਾ. ਬਲਕਾਰ ਸਿੰਘ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ-148.
3. ਪ੍ਰਿ. ਹਰਭਜਨ ਸਿੰਘ, ਉਹੀ, ਪੰਨਾ-59.
4. ਭਾਈ ਮਨਮੋਹਨ ਸਿੰਘ, ਉਹੀ ਪੰਨਾ-68.
5. ਭਾਈ ਜੋਧ ਸਿੰਘ, ਭਗਤ ਨਾਮਦੇਵ ਤਥਾ ਹੋਰ ਭਗਤ ਜੀਵਨੀ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1978, ਪੰਨਾ-3.
6. ਜੀਵਨ ਤੇ ਦਰਸ਼ਨ ਭਗਤ ਨਾਮਦੇਵ (ਸੰਪਾ. ਕਿਰਪਾਲ ਸਿੰਘ ਕਸੇਲ) ਭਾਸ਼ਾ ਵਿਭਾਗ ਪੰਜਾਬ, 1970, ਪੰਨਾ-9.
7. ਗੁਰੂ ਗ੍ਰੰਥ ਸਾਹਿਬ, ਪੰਨਾ-485.
8. ਡਾ. ਧਰਮ ਸਿੰਘ, ਗੁਰਮਤਿ ਪ੍ਰਕਾਸ਼ (ਭਗਤ ਬਾਣੀਕਾਰ ਵਿਸ਼ੇਸ਼ ਅੰਕ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਮਈ 2008, ਪੰਨਾ-34.
9. ਡਾ. ਗੁਲਜਾਰ ਸਿੰਘ ਜਹੂਰਾ, ਉਹੀ, ਪੰਨਾ-50.
10. ਗੁਰੂ ਗ੍ਰੰਥ ਸਾਹਿਬ, ਪੰਨਾ-72.
11. ਆਦਿ ਜੁਗਾਦਿ ਜੁਗਾਦਿ ਜੁਗੋ ਜੁਗ॥

    ਤਾਂ ਕਾ ਅੰਤੁ ਨ ਜਾਨਿਆ॥ ਗੁਰੂ ਗ੍ਰੰਥ ਸਾਹਿਬ, ਪੰਨਾ-1351.
12. ਡਾ. ਇਕਬਾਲ ਕੌਰ, ਭਗਤ ਨਾਮਦੇਵ ਰਚਨਾ ਸੰਸਾਰ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 1997, ਪੰਨਾ-74.
13. ਗੁਰੂ ਗ੍ਰੰਥ ਸਾਹਿਬ, ਪੰਨਾ-1292.
14. ਉਹੀ, ਪੰਨਾ-875.
15. ਸਵਰਨ ਸਿੰਘ ਸਨੇਹੀ, ਭਗਤ ਨਾਮਦੇਵ ਜੀਵਨ ਤੇ ਬਾਣੀ ਰਚਨਾ, ਖੋਜ ਪ੍ਰਤਿਕਾ (ਬਾਣੀਕਾਰ ਵਿਸ਼ੇਸ਼ ਅੰਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 2004, ਪੰਨਾ-134.
16. ਗੁਰੂ ਗ੍ਰੰਥ ਸਾਹਿਬ, ਪੰਨਾ-874
17. ਉਹੀ, ਪੰਨਾ-657.
18. ਉਹੀ, ਪੰਨਾ-1163.
19. ਉਹੀ, ਪੰਨਾ-718.
20. ਉਹੀ, ਪੰਨਾ-727.
21. ਉਹੀ, ਪੰਨਾ-1195.
22. ਉਹੀ, ਪੰਨਾ-485.
23. ਉਹੀ, ਪੰਨਾ-972.
24. ਉਹੀ, ਪੰਨਾ-925.


*ਸਹਾਇਕ ਪ੍ਰੋਫੈਸਰ,
ਪੰਜਾਬੀ ਵਿਭਾਗ,
ਪੋਸਟ ਗਰੈਜੂਏਟ ਸਰਕਾਰੀ ਕਾਲਜ,
ਸੈਕਟਰ 46, ਚੰਡੀਗੜ੍ਹ।

www.ignited.in

**Corresponding Author**

**Dr. Preet Inder Singh***

Department of Punjabi, Assistant Professor, Post Graduate Government College,Sector 46, Chandigarh